Roll No. ...................... Total No. of Pages : 3

# PC 3440-MG

**Q-7/2058**

**ਆਧੁਨਿਕ ਪੰਜਾਬੀ ਵਾਰਤਕ**

**Paper—III**

**Semester–IV**

Time Allowed : Three Hours] [Maximum Marks : 60

**ਨੋਟ :-** ਵਿਦਿਆਰਥੀ ਭਾਗ ੳ ਵਿੱਚੋਂ ਕੋਈ **ਇੱਕ** ਪ੍ਰਸ਼ਨ ਕਰਨ, ਹਰੇਕ ਪ੍ਰਸ਼ਨ ਦੇ 9 ਅੰਕ ਹਨ ਅਤੇ ਭਾਗ ਅ ਦੇ ਉਪ-ਭਾਗ ਅ-1, ਅ-2, ਅ-3 ਅਤੇ ਅ-4 ਹਰੇਕ ਵਿੱਚੋਂ **ਇੱਕ** ਪ੍ਰਸ਼ਨ ਚੁਣਦੇ ਹੋਏ ਕੋਈ **ਤਿੰਨ** ਪ੍ਰਸ਼ਨ ਕਰੋ। ਹਰੇਕ ਪ੍ਰਸ਼ਨ ਦੇ 9 ਅੰਕ ਹਨ। ਭਾਗ ੲ ਦੇ 12 ਸੰਖੇਪ ਪ੍ਰਸ਼ਨ ਸਾਰੇ ਕਰਨੇ ਲਾਜ਼ਮੀ ਹਨ, ਹਰੇਕ ਪ੍ਰਸ਼ਨ ਦੇ 2 ਅੰਕ ਹਨ।

**ਭਾਗ—ੳ**

1. ਸਫ਼ਰਨਾਮਾ ਸ਼ਾਸਤਰ ਵਿੱਚ ਸਫ਼ਰਨਾਮੇ ਦੀਆਂ ਕਿਹੜੀਆਂ-ਕਿਹੜੀਆਂ ਬੁਨਿਆਦੀ ਰੀਤੀਆਂ ਦੱਸੀਆਂ ਗਈਆਂ ਹਨ ? ਸਫ਼ਰਨਾਮੇ ਦੇ ਬਹੁਪੱਖੀ ਮਹੱਤਵ ਨੂੰ ਵੀ ਰੇਖਾਂਕਿਤ ਕਰੋ।

2. ਜੀਵਨੀ ਮੂਲਕ ਵਾਰਤਕ ਵਿੱਚ ਰੇਖਾ-ਚਿੱਤਰ ਵੀ ਆਉਂਦੇ ਹਨ ਪਰ ਰੇਖਾ-ਚਿੱਤਰ ਜੀਵਨ ਕਥਾ ਨਹੀਂ। ਦੋਹਾਂ ਵਿੱਚ ਕੁਝ ਅਜੇਹੇ ਅੰਤਰ ਹਨ ਜੋ ਇਹਨਾਂ ਨੂੰ ਇੱਕ ਦੂਜੇ ਨਾਲੋਂ ਨਿਖੇੜਦੇ ਹਨ। ਉਹ ਅੰਤਰ ਕਿਹੜੇ ਹਨ ? ਬਹਿਸ ਕਰੋ। 9×1=9

**ਭਾਗ—ਅ**

**ਅ—1**

3. "ਮੈਂ ਖਿਆਲ ਕਰਦਾ ਹਾਂ ਕਿ ਅਜ ਕਲ ਦੇ ਵਿਦਿਆਰਥੀ ਮੇਰੀ ਜੀਵਨ-ਔਕੜਾਂ ਦਾ ਵਰਣਨ ਪੜ੍ਹ ਕੇ ਉਤਸਾਹਿਤ ਹੋਣਗੇ ਅਤੇ ਆਪਣੇ ਜੀਵਨ ਘੋਲ ਵਿੱਚ ਕਾਮਯਾਬ ਹੋਣਗੇ।" ਕੀ 'ਆਪ ਬੀਤੀ' ਅਜੇਹਾ ਉਤਸ਼ਾਹ ਦੇਂਦੀ ਹੈ ? ਵਿਚਾਰ ਕਰੋ।

[P.T.O.

4. 'ਆਪ ਬੀਤੀ' ਵਿੱਚ ਚਿਤ੍ਰਿਤ ਇਤਿਹਾਸ ਕਈ ਤਰ੍ਹਾਂ ਦੇ ਬਦਲਾਵਾਂ ਅਤੇ ਤਬਦੀਲੀਆਂ ਦਾ ਇਤਿਹਾਸ ਹੈ। ਕਿਵੇਂ ? ਚਰਚਾ ਕਰੋ।

**ਅ—2**

5. 'ਹੁਸੀਨ ਚਿਹਰੇ' ਵਿੱਚ ਰੇਖਾ-ਚਿੱਤਰਕਾਰੀ ਲਈ ਵਰਤੀਆਂ ਗਈਆਂ ਕਲਾ-ਜੁਗਤਾਂ ਨਾਲ ਜਾਣ-ਪਛਾਣ ਕਰਾਉ।

6. ਰੇਖਾ-ਚਿੱਤਰ ਨੂੰ ਵਿਚਾਰਦਿਆਂ ਹੋਇਆਂ ਸਪਸ਼ਟ ਕਰੋ ਕਿ ਕੀ ਗਾਰਗੀ ਕਿਸੇ ਵੀ ਸ਼ਖਸੀਅਤ ਦੇ ਗੁਣਾਂ ਦੋਸ਼ਾਂ ਵਿੱਚ ਇੱਕ ਸੰਤੁਲਨ ਕਾਇਮ ਰੱਖ ਸਕਿਆ ਹੈ ? 'ਹੁਸੀਨ ਚਿਹਰੇ' ਦੇ ਆਧਾਰ 'ਤੇ ਉੱਤਰ ਦਿਉ।

**ਅ—3**

7. ਪਾਕਿਸਤਾਨ ਸੰਬੰਧੀ ਲਿਖੇ ਗਏ ਸਫ਼ਰਨਾਮਿਆਂ ਵਿੱਚ 'ਵਗਦੀ ਏ ਰਾਵੀ' ਦਾ ਸਥਾਨ ਨਿਸ਼ਚਿਤ ਕਰੋ।

8. 'ਵਗਦੀ ਏ ਰਾਵੀ' ਵਿੱਚੋਂ ਪਾਕਿਸਤਾਨ ਦਾ ਜੋ ਸਮਾਜ ਅਤੇ ਸੱਭਿਆਚਾਰ ਝਲਕਦਾ ਹੈ, ਉਸ ਉਪਰ ਰੋਸ਼ਨੀ ਪਾਉ।

**ਅ—4**

9. ਕਿਸੇ ਵੀ ਚੰਗੇ ਨਿਬੰਧ ਦਾ ਇੱਕ ਗੁਣ ਵਿਚਾਰਾਂ ਦਾ ਸੰਗਠਿਤ ਅਤੇ ਲੜੀ-ਬੱਧ ਹੋਣਾ ਹੁੰਦਾ ਹੈ। ਕੀ ਨਰਿੰਦਰ ਸਿੰਘ ਕਪੂਰ ਅਜੇਹਾ ਕਰ ਸਕਿਆ ਹੈ ? 'ਡੂੰਘੀਆਂ ਸਿਖਰਾਂ' ਨੂੰ ਆਧਾਰ ਬਣਾਉਂਦਿਆਂ ਉੱਤਰ ਦਿਉ।

10. ਕੀ ਨਰਿੰਦਰ ਸਿੰਘ ਕਪੂਰ ਨੂੰ ਇੱਕ ਸਮਰੱਥ ਸ਼ੈਲੀਕਾਰ ਮੰਨਿਆ ਜਾ ਸਕਦਾ ਹੈ ? 'ਡੂੰਘੀਆਂ ਸਿਖਰਾਂ' ਵਿੱਚੋਂ ਉਦਾਹਰਣਾਂ ਸਹਿਤ ਉੱਤਰ ਦਿਉ। 9×3=27

**ਭਾਗ—ੲ**

11. ਸਾਰੇ ਪ੍ਰਸ਼ਨ ਜ਼ਰੂਰੀ ਹਨ। ਉੱਤਰ 5-6 ਸਤਰਾਂ ਵਿੱਚ ਦਿਉ :

(i) 'ਜੀਵਨ ਕਥਾ ਅਤੇ ਆਤਮ ਕਥਾ' ਵਿੱਚ ਮੁੱਖ ਅੰਤਰ ਕਿਹੜੇ-ਕਿਹੜੇ ਹਨ ?

(ii) 'ਆਪ ਬੀਤੀ' ਦੇ ਕੁਲ ਕਿੰਨੇ ਅਧਿਆਇ ਹਨ ? ਚਾਰ ਦੇ ਨਾਂ ਲਿਖੋ।

(iii) ਵਾਰਤਕ ਦੇ ਦੋ ਬੁਨਿਆਦੀ ਤੱਤ।



(iv) ਮਹਿੰਦਰ ਸਿੰਘ ਰੰਧਾਵਾ 'ਫੋਕੀ ਕਿਤਾਬ' ਕਿਸ ਨੂੰ ਕਹਿੰਦਾ ਹੈ ?

(v) 'ਆਪ ਬੀਤੀ' ਤੋਂ ਬਿਨਾਂ ਮਹਿੰਦਰ ਸਿੰਘ ਰੰਧਾਵਾ ਦੀਆਂ ਦੋ ਹੋਰ ਪੁਸਤਕਾਂ ਦੇ ਨਾਂ ਲਿਖੋ।

(vi) ਗਾਰਗੀ ਆਪਣੇ ਰੇਖਾ-ਚਿੱਤਰਾਂ ਲਈ ਖਾਸ ਕਿਸਮ ਦੇ ਰੂਪਕ ਵਰਤਦਾ ਹੈ। 'ਹੁਸੀਨ ਚਿਹਰੇ' ਵਿੱਚੋਂ ਉਦਾਹਰਣਾਂ ਦਿਉ।

(vii) ਗਾਰਗੀ ਤੋਂ ਬਿਨਾਂ ਦੋ ਹੋਰ ਰੇਖਾ ਚਿੱਤਰਕਾਰਾਂ ਅਤੇ ਉਨ੍ਹਾਂ ਦੀਆਂ ਪੁਸਤਕਾਂ ਦੇ ਨਾਂ ਲਿਖੋ।

(viii) ਚਾਰ ਪੰਜਾਬੀ ਸਫ਼ਰਨਾਮਿਆਂ ਦੇ ਨਾਂ ਲਿਖੋ।

(ix) ਵਰਿਆਮ ਸੰਧੂ ਦੇ ਦੋ ਕਹਾਣੀ ਸੰਗ੍ਰਹਾਂ ਦੇ ਨਾਂ ਦੱਸੋ।

(x) 'ਡੂੰਘੀਆਂ ਸਿਖਰਾਂ' ਵਿੱਚ ਹਵਾਲੇ ਅਤੇ ਇਸ ਦਾ ਮਹੱਤਵ।

(xi) 'ਡੂੰਘੀਆਂ ਸਿਖਰਾਂ' ਵਿੱਚ ਕੁਲ ਕਿੰਨੇ ਲੇਖ ਹਨ ? ਚਾਰ ਲੇਖਾਂ ਦੇ ਨਾਂ ਲਿਖੋ।

(xii) ਨਰਿੰਦਰ ਸਿੰਘ ਕਪੂਰ ਦੀਆਂ ਦੋ ਅਨੁਵਾਦਿਤ ਪੁਸਤਕਾਂ ਦੇ ਨਾਂ ਲਿਖੋ।

12×2=24

ਜੂਨੇ II ਜੂਨ 2018

Total Pages : 3

# PC–3437/MG

**Q–7/2058**

## ਭਾਸ਼ਾ ਵਿਗਿਆਨ ਅਤੇ ਪੰਜਾਬੀ ਭਾਸ਼ਾ–I

(Semester–IV)

Time : Three Hours] [Maximum Marks : 60

**ਨੋਟ** : ਭਾਗ ੳ-1, ੳ-2, ਅ-1, ਅ-2 ਵਿਚੋਂ *ਇਕ-ਇਕ* ਪ੍ਰਸ਼ਨ ਕਰੋ। ਹਰੇਕ ਪ੍ਰਸ਼ਨ ਦੇ 9 ਅੰਕ ਹਨ। ਭਾਗ-ੲ ਦੇ ਸਾਰੇ 12 ਪ੍ਰਸ਼ਨਾਂ ਦੇ ਉੱਤਰ ਲਿਖੋ। ਹਰੇਕ ਪ੍ਰਸ਼ਨ ਦੇ 2 ਅੰਕ ਹਨ।

### ਭਾਗ—ੳ-1

I. ਸ਼ਬਦ ਸ਼੍ਰੇਣੀਆਂ ਦੇ ਵੰਡ ਦੇ ਆਧਾਰਾਂ ਦਾ ਵਰਣਨ ਕਰੋ। ਪੰਜਾਬੀ ਦੇ ਵਿਉਤਪਤ ਰੂਪਾਂ ਦੀ ਬਣਤਰ ਸਪੱਸ਼ਟ ਕਰੋ। 9

II. ਭਾਵੰਸ਼ ਕੀ ਹੁੰਦਾ ਹੈ? ਭਾਵੰਸ਼ਾਂ ਦਾ ਵਰਗੀਕਰਨ ਕਰੋ। 9

### ਭਾਗ—ੳ-2

III. ਵਾਕ ਦੀ ਪਰਿਭਾਸ਼ਾ ਦੱਸੋ। ਪੰਜਾਬੀ ਵਾਕਾਂ ਦਾ ਵਰਗੀਕਰਨ ਕਰੋ। 9

IV. ਪੰਜਾਬੀ ਕਿਰਿਆ ਵਾਕੰਸ਼ ਦੀ ਬਣਤਰ ਦਾ ਵਰਣਨ ਕਰੋ। 9

## ਭਾਗ—ਅ-1

V. ਮੁਲਤਾਨੀ ਪੰਜਾਬੀ ਦੇ ਖੇਤਰ, ਧੁਨੀਵਿਗਿਆਨਕ ਅਤੇ ਵਿਆਕਰਨਕ ਵਿਸ਼ੇਸ਼ਤਾਵਾਂ ਦਾ ਵਰਣਨ ਕਰੋ। 9

VI. ਪੁਆਧੀ ਪੰਜਾਬੀ ਦੇ ਖੇਤਰ, ਧੁਨੀਵਿਗਿਆਨਕ ਅਤੇ ਵਿਆਕਰਨਕ ਵਿਸ਼ੇਸ਼ਤਾਵਾਂ ਦਾ ਵਰਣਨ ਕਰੋ। 9

## ਭਾਗ—ਅ-2

VII. ਅਰਥਾਂ ਦੇ ਅਧਾਰ 'ਤੇ ਪੰਜਾਬੀ ਸ਼ਬਦਾਂ ਦਾ ਵਰਗੀਕਰਨ ਕਰੋ। 9

VIII. ਗੁਰਮੁਖੀ ਲਿਪੀ ਦੇ ਜਨਮ ਤੇ ਵਿਕਾਸ ਬਾਰੇ ਜਾਣਕਾਰੀ ਦਿਓ। 9

## ਭਾਗ—ੲ

IX. ਹੇਠ ਲਿਖਿਆਂ ਉੱਤੇ ਸੰਖੇਪ ਨੋਟ ਲਿਖੋ :

1. ਵਚਨ ਤੇ ਲਿੰਗ
2. ਅੰਦਰ ਕੇਂਦਰੀ ਬਣਤਰਾਂ
3. ਰੂਪਾਂਤਰਨ
4. ਸਵਾਧੀਨ ਉਪਵਾਕ



5. ਪਰਾਧੀਨ ਉਪਵਾਕ
6. ਨਾਂਵ ਵਾਕੰਸ਼
7. ਵਿਸ਼ੇਸ਼ਣੀ ਵਾਕੰਸ਼
8. ਅਪੋਹ ਸਿਧਾਂਤ
9. ਸਫ਼ੋਟ ਸਿਧਾਂਤ
10. ਮਾਤਰਾ ਵਾਕ
11. ਸਮਧੁਨੀ ਸ਼ਬਦ
12. ਬਿੰਦੀ ਤੇ ਟਿੱਪੀ।

12×2=24

Roll No. ........................ Total Pages : 4

# 3441/MG

**Q–7/2058**

## ਕਿੱਸਾ ਕਾਵਿ

Paper–IV

Semester–IV

Time Allowed : 3 Hours] [Maximum Marks : 60

**ਨੋਟ :** ਭਾਗ-ੳ ਵਿਚੋਂ ਕੋਈ **ਇੱਕ** ਪ੍ਰਸ਼ਨ ਕਰਨਾ ਹੈ। ਭਾਗ-ਅ ਦੇ ਚਾਰ ਉਪਭਾਗਾਂ ਵਿਚੋਂ ਇੱਕ-ਇੱਕ ਅਤੇ ਕੁੱਲ **ਤਿੰਨ** ਪ੍ਰਸ਼ਨ ਕਰਨੇ ਹਨ। ਭਾਗ-ੲ ਦੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦੇਣੇ ਹਨ।

## ਭਾਗ-ੳ

1. 'ਕਿੱਸਾ ਕਾਵਿ ਦਾ ਕਾਵਿ ਸ਼ਾਸਤਰੀ ਪਰਿਪੇਖ' ਲੇਖ ਵਿੱਚ ਉਭਾਰੇ ਨੁਕਤਿਆਂ ਤੇ ਟਿੱਪਣੀਆਂ ਸਹਿਤ ਵਿਚਾਰ ਕਰੋ। 9

2. 'ਪੰਜਾਬੀ ਕਿੱਸਾਕਾਰੀ' ਲੇਖ ਦੇ ਆਦਾਰ ਤੇ ਲੇਖਕ ਦੇ ਪੰਜਾਬੀ ਕਿੱਸਾ ਸਾਹਿਤ ਸਬੰਧੀ ਵਿਚਾਰਾਂ ਤੇ ਰੋਸ਼ਨੀ ਪਾਓ। 9

## ਭਾਗ-ਅ

3. 'ਮਿਰਜਾ' ਕਿੱਸਾ ਦੇ ਆਧਾਰ ਤੇ ਪੀਲੂ ਦਾ ਪੰਜਾਬੀ ਕਿੱਸਾ ਸਾਹਿਤ ਵਿੱਚ ਸਥਾਨ ਨਿਸ਼ਚਤ ਕਰੋ।

ਜਾਂ

'ਮਿਰਜਾ' ਕਿੱਸਾ ਦੀਆਂ ਕਲਾਤਮਕ ਖੂਬੀਆਂ ਬਿਆਨ ਕਰੋ। 9

4. ਵਾਰਸ ਦੀ 'ਹੀਰ' ਦਾ ਸਮਾਜ ਸਭਿਆਚਾਰਕ ਅਧਿਐਨ ਪ੍ਰਸਤੁਤ ਕਰੋ।

ਜਾਂ

'ਹੀਰ' ਵਿੱਚ ਵਾਰਸ ਕਿਨ੍ਹਾਂ ਕਥਾਨਕ ਰੂੜੀਆਂ ਨੂੰ ਵਰਤਦਾ ਹੈ? 9

5. 'ਪੂਰਨ ਭਗਤ' ਕਿੱਸੇ ਵਿੱਚ 'ਪੂਰਨ' ਦੀ ਸਿਖ ਦਾ ਰੂਪਾਂਤਰਣ ਕਿਸ ਰੂਪ ਵਿੱਚ ਪੇਸ਼ ਹੁੰਦਾ ਹੈ? ਟਿਪਣੀਆਂ ਸਹਿਤ ਬਿਆਨ ਕਰੋ।

ਜਾਂ

ਕਾਦਰਯਾਰ ਦੀ ਪੰਜਾਬੀ ਕਿੱਸਾ ਸਾਹਿਤ ਨੂੰ ਦੇਣ ਵਿਸ਼ੇ ਤੇ ਨੋਟ ਲਿਖੋ। 9



6. ਹਾਸਮ ਨੇ ਸੱਸੀ ਦੀ ਹੋਣੀ ਨੂੰ ਉਭਾਰਨ ਲਈ ਕਿਹੜੀਆਂ ਬਿਰਤਾਂਤਕ ਜੁਗਤਾਂ ਵਰਤੀਆਂ ਹਨ?

ਜਾਂ

ਹਾਸਮ ਦੀ ਸੱਸੀ ਵਿਚਲੀਆਂ ਦੁਖਾਂਤਕ ਘਟਨਾਵਾਂ 'ਤੇ ਟਿਪੱਣੀਆਂ ਸਹਿਤ ਵਿਚਾਰ ਕਰੋ। 9

## ਭਾਗ-ੲ

7. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਚਾਰ-ਚਾਰ, ਪੰਜ-ਪੰਜ ਸਤਰਾਂ ਵਿੱਚ ਦਿਓ: 12×2=24

   (i) ਹਰਿਭਜਨ ਸਿੰਘ ਭਾਟੀਆਂ ਅਨੁਸਾਰ ਮਧਕਾਲੀ ਪੰਜਾਬੀ ਸਾਹਿਤ ਦਾ ਸਰਮਾਇਆ ਕੀ ਹੈ?

   (ii) ਮਧਕਾਲੀ ਅਤੇ ਆਧੁਨਿਕ ਸਾਹਿਤ ਦੇ ਸਬੰਧ ਵਿੱਚ ਡਾ. ਜਗਜੀਤ ਸਿੰਘ ਨੇ ਕਿੱਸਾ-ਜਗਤ (ਸਾਹਿਤ) ਦੀ ਪਛਾਣ ਦੇ ਕਿੰਨੇ ਅਤੇ ਕਿਹੜੇ ਪ੍ਰਕਾਰ ਨਿਸ਼ਚਤ ਕੀਤੇ ਹਨ?

   (iii) ਨਜਮ ਹੁਸੈਨ ਨੇ ਵਾਰਸ ਦੀ 'ਹੀਰ' ਦੀ ਸਿਫ਼ਤ ਵਿੱਚ ਕੀ ਸ਼ਬਦ ਵਰਤੇ ਹਨ?

   (iv) ਕਿੱਸਾ-ਕਾਵਿ ਦੀਆਂ ਕਥਾਨਕ ਰੂੜੀਆਂ ਸਬੰਧੀ ਕਿਸੇ ਇੱਕ ਵਿਦਵਾਨ ਦੀ ਟਿਪਣੀ ਬਿਆਨ ਕਰੋ।

(v) 'ਚੜਦੇ ਮਿਰਜੇ ਖਾਨ ਨੂੰ ਜੱਟ ਵੰਝਲ ਦੇਂਦਾ ਮੱਤ' ਤੁਕ ਦਾ ਪ੍ਰਸੰਗ ਦੱਸੋ।

(vi) ਮਿਰਜੇ ਦੀ ਕਥਾ ਦਾ ਗੌਰਵ ਕੀ ਹੈ?

(vii) ਵਾਰਸ ਸ਼ਾਹ ਨੇ 'ਹੀਰ' ਵਿੱਚ ਦੈਵੀ ਸੱਤ ਦੀ ਅਰਾਧਨਾ ਨਮਿਤ ਕੀ ਕਿਹਾ ਹੈ?

(viii) ਵਾਰਸ ਦੀ 'ਹੀਰ' ਵਿਚੋਂ ਪ੍ਰਕਿਰਤੀ ਦੇ ਕਿਸੇ ਦ੍ਰਿਸ਼ ਨੂੰ ਪੇਸ਼ ਕਰੋ।

(ix) 'ਪੂਰਨ' ਦੀ ਕਥਾ ਰੂੜੀ ਸਬੰਧੀ ਸੰਖੇਪ ਟਿੱਪਣੀ ਕਰੋ।

(x) 'ਪੂਰਨ ਭਗਤ' ਕਿੱਸਾ ਕਿਸ ਕਿਸਮ ਦੇ ਕਿਸਿਆਂ ਦੀ ਸ਼ਰੇਣੀ ਵਿੱਚ ਆਉਂਦਾ ਹੈ? ਹੋਰ ਦੋ ਕਿੱਸਿਆਂ ਦੇ ਨਾਂ ਵੀ ਲਿਖੋ।

(xi) 'ਆਜਮ ਬੇਗ' ਜਦੋਂ ਸੱਸੀ ਨਾਲ ਵਿਆਹ ਰਚਾਉਣਾ ਚਾਹੁੰਦਾ ਹੈ ਤਾਂ ਸੱਸੀ ਅੱਗੋਂ ਕੀ ਪ੍ਰਤਿਕਰਮ ਦਿੱਦੀ ਹੈ?

(xii) ਹਾਸਮ ਦੀ 'ਸੱਸੀ' ਵਿਚੋਂ ਬਿਰਹਾ ਦੀ ਤੜਪ ਨੂੰ ਦਰਸਾਉਂਦੀਆਂ ਪੰਕਤੀਆਂ ਲਿਖੋ।

Roll No. ..................... Total Pages : 4

# 3438/MG

**Q-7/2058**

## ਗੁਰਮਤਿ ਕਾਵਿ-II (i)

Semester—IV

Time Allowed : 3 Hours] [Maximum Marks : 60

**ਨੋਟ** : ਭਾਗ ੳ ਵਿਚੋਂ **ਇਕ** ਪ੍ਰਸ਼ਨ ਕਰਨਾ ਹੈ। ਭਾਗ ਅ ਵਿਚੋਂ ਕੁੱਲ **ਤਿੰਨ** ਪ੍ਰਸ਼ਨ ਕਰਨੇ ਹਨ ਪਰੰਤੂ ਹਰੇਕ ਉਪਭਾਗ ਵਿਚੋਂ **ਇਕ** ਪ੍ਰਸ਼ਨ ਕਰਨਾ ਹੈ। ਭਾਗ ੲ ਦੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦੇਣੇ ਹਨ।

### ਭਾਗ—ੳ

1. 'ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਲੋਕਯਾਨਿਕ ਅਧਿਐਨ' ਲੇਖ ਵਿਚ ਲੇਖਕ ਨੇ ਇਸ ਗ੍ਰੰਥ ਦੇ ਲੋਕਯਾਨਿਕ ਬਾਰੇ ਕੀ ਵਿਚਾਰ ਦਿੱਤੇ ਹਨ?

2. ਡਾ. ਹਰਕੀਰਤ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦੇ ਭਾਸ਼ਾਈ ਸਰੂਪ ਸਬੰਧੀ ਕੀ ਜਾਣਕਾਰੀ ਦਿੱਤੀ ਹੈ? ਟਿੱਪਣੀਆਂ ਸਹਿਤ ਬਿਆਨ ਕਰੋ। 9

## ਭਾਗ—ਅ

**ਅ-1**

3. ਭਗਤ ਕਬੀਰ ਦੀ ਭਗਤੀ ਕਾਵਿ ਪਰੰਪਰਾ ਨੂੰ ਦੇਣ ਤੇ ਨੋਟ ਲਿਖੋ।

**ਜਾਂ**

ਭਗਤ ਕਬੀਰ ਦੀ ਬਾਣੀ ਦੀਆਂ ਕਲਾਤਮਿਕ ਖੂਬੀਆਂ ਦੱਸੋ।

**ਅ-2**

4. ਗਉੜੀ ਕੀ ਵਾਰ ਦੀ ਵਿਸ਼ੇਗਤ ਵਿਸ਼ੇਸ਼ਤਾ ਦਰਸਾਓ।

**ਜਾਂ**

ਗਉੜੀ ਕੀ ਵਾਰ ਦੀਆਂ ਸ਼ੈਲੀਗਤ ਵਿਸ਼ੇਸ਼ਤਾਵਾਂ ਬਿਆਨ ਕਰੋ।

**ਅ-3**

5. ਸੁਖਮਨੀ ਵਿਚ ਆਏ ਗੁਰਮਤਿ ਦੇ ਸੰਕਲਪਾਂ ਦੀ ਜਾਣਕਾਰੀ ਦਿਓ।

**ਜਾਂ**

ਸੁਖਮਨੀ ਦੇ ਕਲਾ-ਪੱਖ ਤੇ ਨੋਟ ਲਿਖੋ।



**ਅ-4**

6. ਗੁਰੂ ਤੇਗ ਬਹਾਦਰ ਦੇ ਸ਼ਲੋਕਾਂ ਦੀ ਦਾਰਸ਼ਨਿਕ ਮਹੱਤਤਾ ਬਿਆਨ ਕਰੋ।

**ਜਾਂ**

ਗੁਰੂ ਤੇਗ ਬਹਾਦਰ ਦੀ ਬਾਣੀ ਦੀਆਂ ਕਲਾਤਮਕ ਖੂਬੀਆਂ ਦੱਸੋ। 3×9=27

## ਭਾਗ—ੲ

7. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :

   1. ਅੰਮ੍ਰਿਤਪਾਲ ਕੌਰ ਨੇ ਬਾਣੀਕਾਰਾਂ ਦੀ ਰਚਨਾ ਦਾ ਵੇਰਵਾ ਦੇਣ ਲਈ ਕੀ ਅਧਾਰ ਪੇਸ਼ ਕੀਤਾ ਹੈ?
   2. ਡਾ. ਸਿਕੰਦਰ ਸਿੰਘ ਨੇ ਗੁਰਬਾਣੀ ਦੇ ਸਮਾਜ-ਸਭਿਆਚਾਰਕ ਪ੍ਰਸੰਗ ਬਾਰੇ ਕੀ ਨਿਚੋੜ/ਸਿੱਟਾ ਪੇਸ਼ ਕੀਤਾ ਹੈ?
   3. ਭਗਤ ਕਬੀਰ ਦਾ ਜਾਤੀ ਵੰਡ ਦੀ ਨਿਰਾਰਥਕਤਾ ਨੂੰ ਦਰਸਾਉਂਦਾ ਕੋਈ ਸ਼ਬਦ ਲਿਖੋ।
   4. ਭਗਤ ਕਬੀਰ ਕਿਹੜੀ ਭਗਤੀ-ਧਾਰਾ ਦੇ ਕਵੀ ਹਨ?
   5. ਭਗਤ ਕਬੀਰ ਦੀ ਸ਼ੈਲੀ ਦੇ ਦੋ ਪ੍ਰਮੁੱਖ ਲੱਛਣ ਦੱਸੋ।

6. ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਰਾਮ ਦਾਸ ਜੀ ਦੀਆਂ ਕਿੰਨੀਆਂ ਵਾਰਾਂ ਹਨ?

7. 'ਮਾਇਆਧਾਰੀ ਅਤ ਅੰਨਾ ਬੋਲਾ, ਸਬਦ ਨ ਸੁਝਹੀ ਬਹੁ ਰੋਲ ਘਚੋਲਾ' ਤੁਕ ਦੇ ਅਰਥ ਸਪਸ਼ਟ ਕਰੋ।

8. ਸੁਖਮਨੀ ਤੋਂ ਇਲਾਵਾ ਗੁਰੂ ਅਰਜਨ ਦੇਵ ਜੀ ਦੀਆਂ ਦੋ ਵੱਡੀਆਂ ਰਚਨਾਵਾਂ ਦੱਸੋ।

9. ਸੁਖਮਨੀ ਵਿਚ 'ਗੁਰੂ' ਦੀ ਪਰਿਭਾਸ਼ਾ ਸਬੰਧੀ ਕੀ ਕਿਹਾ ਗਿਆ ਹੈ?

10. 'ਸੁਖਮਨੀ' ਦੇ ਅਰਥ ਸਪਸ਼ਟ ਕਰੋ।

11. ਗੁਰੂ ਤੇਗ ਬਹਾਦਰ ਜੀ ਨੇ ਮੌਤ/ਜਗਤ ਦੀ ਨਾਸ਼ਮਾਨਤਾ ਸਬੰਧੀ ਕੀ ਵਿਚਾਰ ਦਿੱਤੇ ਹਨ?

12. ਗੁਰੂ ਤੇਗ ਬਹਾਦਰ ਨੇ 'ਨਾਗ' ਦੀ ਕੀ ਮਹੱਤਤਾ ਦਰਸਾਈ ਹੈ? $12\times2=24$

Roll No. ........................ 22 2018 Total No. of Pages : 2

MA II

# PC 3442-MG

## Q-7/2058

## ਲੋਕਧਾਰਾ ਅਤੇ ਪੰਜਾਬੀ ਲੋਕਧਾਰਾ

**Paper–V**

**Semester—IV**

Time Allowed : Three Hours] [Maximum Marks : 60

**Note :–** The candidates are required to attempt *two* questions each from Sections A and B carrying 9 marks each and the entire Section C consisting of 12 short answer type questions carrying 2 marks each.

### ਭਾਗ—ੳ

1. ਲੋਕਧਾਰਾ ਅਤੇ ਸਾਹਿਤ ਦੇ ਆਪਸੀ ਸੰਬੰਧਾਂ ਬਾਰੇ ਚਰਚਾ ਕਰੋ।

**ਜਾਂ**

ਲੋਕਧਾਰਾਈ ਸਮੱਗਰੀ ਦਾ ਵਰਗੀਕਰਨ ਕਰੋ। 9

2. ਲੋਕ ਕਾਵਿ ਦੀਆਂ ਪ੍ਰਮੁੱਖ ਵੰਨਗੀਆਂ ਬਾਰੇ ਚਰਚਾ ਕਰੋ।

**ਜਾਂ**

ਬੁਝਾਰਤਾਂ ਦੀ ਬਣਤਰ ਅਤੇ ਪ੍ਰਕਾਰਜ ਬਾਰੇ ਆਲੋਚਨਾਤਮਕ ਲੇਖ ਲਿਖੋ। 9

### ਭਾਗ—ਅ

3. ਲੋਕ ਨਾਚ ਨੂੰ ਪਰਿਭਾਸ਼ਤ ਕਰਦੇ ਹੋਏ ਇਸਦਾ ਸਭਿਆਚਾਰਕ ਮਹੱਤਵ ਉਜਾਗਰ ਕਰੋ।

**ਜਾਂ**

ਲੋਕ ਨਾਟ ਦੀਆਂ ਪ੍ਰਮੁੱਖ ਵੰਨਗੀਆਂ ਦਾ ਵੇਰਵਾ ਦਿਉ। 9

4. 'ਲੋਕ ਵਿਸ਼ਵਾਸ਼ ਲੋਕ ਧਰਮ ਦਾ ਆਧਾਰ ਹੁੰਦੇ ਹਨ' ਚਰਚਾ ਕਰੋ।

**ਜਾਂ**

ਮੌਤ ਸੰਬੰਧੀ ਰੀਤੀ-ਰਿਵਾਜਾਂ ਦੀ ਸਮਾਜ ਸਭਿਆਚਾਰਕ ਪ੍ਰਸੰਗਿਕਤਾ ਦੱਸੋ। 9

**ਭਾਗ—ੲ**

5. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :

(ੳ) 'ਲੋਕ ਮਾਨਸ' ਕੀ ਹੁੰਦਾ ਹੈ ?

(ਅ) 'ਸਭਿਆਚਾਰਕ ਅਵਸ਼ੇਸ਼' ਕੀ ਹੁੰਦਾ ਹੈ ?

(ੲ) ਮਿੱਥ ਦੀ ਪਰਿਭਾਸ਼ਾ ਦਿਉ।

(ਸ) 'ਹੇਅਰਾ' ਕੀ ਹੁੰਦਾ ਹੈ ?

(ਹ) 'ਪੱਤਲ' ਤੋਂ ਕੀ ਭਾਵ ਹੈ ?

(ਕ) ਮੁਹਾਵਰੇ ਅਤੇ ਅਖਾਣ ਵਿੱਚ ਕੀ ਅੰਤਰ ਹੈ ?

(ਖ) 'ਸੰਮੀ' ਨਾਚ ਬਾਰੇ ਸੰਖੇਪ ਜਾਣਕਾਰੀ ਦਿਉ।

(ਗ) ਮੀਡੀਆ ਨੇ ਲੋਕਧਾਰਾ ਨੂੰ ਕਿਵੇਂ ਪ੍ਰਭਾਵਿਤ ਕੀਤਾ ਹੈ ? ਸੰਖੇਪ ਵਿੱਚ ਦੱਸੋ।

(ਘ) 'ਲੋਕ ਨਾਟ' ਦੇ ਵਰਤਮਾਨ ਸਰੂਪ ਬਾਰੇ ਟਿੱਪਣੀ ਕਰੋ।

(ਙ) ਮੇਲੇ ਅਤੇ ਤਿਉਹਾਰ ਵਿੱਚ ਅੰਤਰ ਸਪਸ਼ਟ ਕਰੋ।

(ਚ) 'ਗੁੜ੍ਹਤੀ' ਦੀ ਰਸਮ ਬਾਰੇ ਜਾਣਕਾਰੀ ਦਿਉ।

(ਛ) ਵਿਆਹ ਸਮੇਂ 'ਤੇਲ ਚੋਣ' ਦੀ ਰੀਤ ਦੀ ਸਭਿਆਚਾਰਕ ਸਾਰਥਿਕਤਾ ਕੀ ਹੈ ?

12×2=24